# ਭ੍ਰਿਸ਼ਟਾਚਾਰ ਤੇ ਦੇਸ਼ ਦਾ ਕਨੂੰਨ

ਗੁਰਸ਼ਰਨ ਸਿੰਘ

ਪਾਰਲੀਮੈਂਟ ਦਾ ਜਿਹੜਾ ਵਿਸ਼ੇਸ਼ ਸਮਾਗਮ ਹੋਇਆ, ਉਸਦੇ ਸ਼ੁਰੂ ਵਿਚ ਸਪੀਕਰ ਸੰਗਮਾ ਨੇ ਇਹ ਗੱਲ ਕਹੀ ਕਿ ਅਜ਼ਾਦੀ ਦੇ ਅੰਦੋਲਨ ਦੇ ਬਾਅਦ ਸਾਨੂੰ ਅੱਜ ਉਸਦੇ ਬਰਾਬਰ ਦਾ ਦੂਜਾ ਅੰਦੋਲਨ ਸ਼ੁਰੂ ਕਰਨਾ ਪਵੇਗਾ ਤਾਂ ਹੀ ਅਸੀਂ ਕੌਮ ਨੂੰ ਅੱਗੇ ਲਿਜਾ ਸਕਾਂਗੇ। ਮੁੱਖ ਏਜੰਡਾ ਹੈ ਕਿ ਭ੍ਰਿਸ਼ਟਾਚਾਰ ਖ਼ਤਮ ਕਰਨਾ ਹੈ। ਇਸ ਤੋਂ ਪਹਿਲਾਂ ਪ੍ਰਧਾਨ ਮੰਤਰੀ ਇੰਦਰ ਕੁਮਾਰ ਗੁਜਰਾਲ ਨੇ ਲਾਲ ਕਿਲੇ ਤੋਂ ਐਲਾਨ ਕੀਤਾ ਕਿ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨਾ ਸਾਰਿਆਂ ਨਾਲੋਂ ਤਰਜੀਹੀ ਕੰਮ ਹੈ। ੳ ਵੀ ਇਹ ਕਹਿੰਦਾ ਹੈ, ਅ ਵੀ ਇਹ ਕਹਿੰਦਾ ਹੈ, ੲ ਵੀ ਇਹ ਕਹਿੰਦਾ ਹੈ, ਸ ਵੀ ਇਹ ਕਹਿੰਦਾ ਹੈ ਤੇ ਹ ਵੀ ਇਹ ਕਹਿੰਦਾ ਹੈ ਕਿ ਭ੍ਰਿਸ਼ਟਾਚਾਰ ਖ਼ਤਮ ਕਰਨਾ ਹੈ ਪਰ ਇਹ ਕਰਨਾ ਕਿਸ ਤਰ੍ਹਾਂ ਹੈ, ਦੀ ਇਸਦੇ ਵਾਸਤੇ ਕੋਈ ਪਲਾਨ ਹੈ?

ਜਦੋਂ ਤੁਸੀਂ ਮਿੱਥ ਹੀ ਲਿਆ ਕਿ ਅਸੀਂ ਇਸ ਵਿਧਾਨ ਨੂੰ ਕਾਇਮ ਰੱਖਣਾ ਹੈ ਜਿਸ ਵਿਚ ਜਾਇਦਾਦ ਦਾ ਅਧਿਕਾਰ ਬੁਨਿਆਦੀ ਅਧਿਕਾਰ ਹੈ ਤਾਂ ਇਸਦਾ ਮਤਲਬ ਹੈ ਕਿ ਤੁਸੀਂ ਪੈਸੇ ਦੀ ਸਰਦਾਰੀ ਸਵੀਕਾਰ ਕਰਦੇ ਹੋ। ਪੈਸਾ ਭ੍ਰਿਸ਼ਟਾਚਾਰ ਦੀ ਵੀ ਜੜ੍ਹ ਹੈ। ਜਿੰਨੀ ਦੇਰ ਵਿਧਾਨ ਵਿਚ ਇਹੋ ਜਿਹੀਆਂ ਤਬਦੀਲੀਆਂ ਨਹੀਂ ਕੀਤੀਆਂ ਜਾਂਦੀਆਂ ਕਿ ਪੈਸੇ ਦੀ ਜਕੜ ਖ਼ਤਮ ਹੋਵੇ, ਨਾ ਹੀ ਬਦਇਖ਼ਲਾਕੀ ਖ਼ਤਮ ਹੋ ਸਕਦੀ ਹੈ, ਨਾ ਹੀ ਭ੍ਰਿਸ਼ਟਾਚਾਰ ਖ਼ਤਮ ਹੋ ਸਕਦਾ ਹੈ। ਇਹਦੇ ਵਾਸਤੇ ਜਿੰਨਾ ਚਿਰ ਪੁੱਠਾ ਟੰਗਣ ਵਾਲੇ ਕਨੂੰਨ ਨਹੀਂ ਬਣਦੇ ਇਹ ਪੈਸੇ ਵਾਲੇ ਭ੍ਰਿਸ਼ਟਾਚਾਰ ਕਰਨ ਵਾਲੇ ਕਾਬੂ ਆਉਂਦੇ ਹਨ?

ਬਦਇਖ਼ਲਾਕ ਤੇ ਬੇਈਮਾਨ ਲੋਕਾਂ ਲਈ ਇਸ ਦੇਸ਼ ਦੇ ਕਨੂੰਨ ਵਿਚ ਏਨੀਆਂ ਚੋਰ ਮੋਰੀਆਂ ਹਨ ਕਿ ਉਹ ਬਦਇਖਲਾਕੀ ਅਤੇ ਬੇਈਮਾਨੀ ਨੂੰ ਸ਼ਹਿ ਦੇਂਦੀਆਂ ਹਨ। ਮਿਸਾਲ ਦੇ ਤੌਰ 'ਤੇ ਜੇ ਬੇਟੀ ਕਿਰਨਜੀਤ ਦੇ ਕਾਤਲ ਸਾਲ 1997 ਦੇ ਅੰਦਰ-ਅੰਦਰ ਫਾਹੇ ਨਹੀਂ ਲਗਦੇ ਤਾਂ ਫੇਰ ਕਾਹਦਾ ਕਨੂੰਨ ਹੋਇਆ? ਜ਼ਰੂਰ ਉਨ੍ਹਾਂ ਮੁੰਡਿਆਂ ਦੇ ਮਾਪੇ ਸੋਚਦੇ ਹੋਣਗੇ ਕਿ ਭਾਵੇਂ ਜ਼ਮੀਨ ਸਾਰੀ ਵਿਕ ਜਾਏ ਮੁੰਡਿਆਂ ਨੂੰ ਜ਼ਰੂਰ ਬਚਾਉਣਾ ਹੈ। ਵੱਡੇ-ਵੱਡੇ ਵਕੀਲ ਕਰਾਂਗੇ। ਸੈਸ਼ਨ ਨੇ ਸਜ਼ਾ ਦਿੱਤੀ ਤਾਂ ਹਾਈ ਕੋਰਟ ਅਪੀਲ ਕਰਾਂਗੇ। ਹਾਈ ਕੋਰਟ ਨੇ ਰੱਦ ਕੀਤੀ ਤਾਂ ਸੁਪਰੀਮ ਕੋਰਟ ਚਲੇ ਜਾਵਾਂਗੇ। ਪੁਲਸ ਵਾਲਿਆਂ ਨੂੰ ਉਨ੍ਹਾਂ ਦੀ ਕੀਮਤ ਦੇ ਦੇਵਾਂਗੇ ਕਿ ਉਹ ਕੇਸ ਦੀ ਤਫਤੀਸ਼ ਇਸ ਤਰ੍ਹਾਂ ਕਰਨ ਕਿ ਕਿਸੇ ਨਾ ਕਿਸੇ ਕਨੂੰਨ ਦੀ ਦਫ਼ਾ ਥਲੇ ਉਨ੍ਹਾਂ ਦੀ ਸ਼ੱਕ ਦੀ ਬਿਨਾਂ ਤੇ ਰਿਹਾਈ ਹੋ ਜਾਏ। ਪਿਛਲੇ ਦੋ ਸਾਲਾਂ ਵਿਚ ਹਵਾਲਾ ਕਾਂਡ, ਸੇਂਟਕਿਟਸ ਕਾਂਡ, ਪਸ਼ੂ ਚਾਰਾ ਕਾਂਡ ਬਸ ਤਫਤੀਸ਼ਾਂ ਦੇ ਚੱਕਰ ਵਿਚ ਹੀ ਖੁਰਦ-ਬੁਰਦ ਹੋ ਰਹੇ ਹਨ।

ਸਹੀ ਸੋਚ ਵਾਲ ਲੋਕਾਂ ਦਾ ਫਰਜ਼ ਹੈ ਅਤੇ ਖੱਬੀ ਧਿਰ ਦੀ ਸਿਆਸਤ ਦਾ ਇਹ ਧੁਰਾ ਹੋਣਾ ਚਾਹੀਦਾ ਹੈ ਕਿ ਉਹ ਵਿਧਾਨ ਵਿਚ ਬੁਨਿਆਦੀ ਤਬਦੀਲੀ ਦੀ ਮੰਗ ਕਰਨ ਅਤੇ ਜਾਇਦਾਦ ਦਾ ਬੁਨਿਆਦੀ ਹੱਕ ਮਨਸੂਖ ਹੋਵੇ। ਇਹ ਦੀ ਥਾਂ ਹੋਰ ਬੁਨਿਆਦੀ ਹੱਕ ਲੋਕਾਂ ਨੂੰ ਮਿਲਣ। ਉਹ ਹੱਕ ਹੋਣ ਵਿਦਿਆ ਦਾ ਹੱਕ, ਰੁਜ਼ਗਾਰ ਦਾ ਹੱਕ। ਪਾਰਲੀਮੈਂਟ ਦੇ ਸੈਸ਼ਨ ਵਿਚ ਲੋਕ ਸਭਾ ਵਿਚ ਅਤੇ ਰਾਜ ਸਭਾ ਵਿਚ ਇਹ ਵਿਚਾਰ ਸਾਹਮਣੇ ਆਏ ਹਨ। ਪੈਸੇ ਦੀ ਜਕੜ ਖ਼ਤਮ ਕਰਨ ਲਈ ਸ਼ਕਤੀਸ਼ਾਲੀ ਲੋਕ ਲਹਿਰ ਉਠਣੀ ਜ਼ਰੂਰੀ ਹੈ।

ਬਹੁਤ ਫਾਲਤੂ ਪੈਸਾ ਪੈਸੇ ਵਾਲਿਆਂ ਕੋਲ ਹੈ। ਉਹ ਸਖ਼ਤੀ ਨਾਲ ਉਨ੍ਹਾਂ ਕੋਲੋਂ ਕਢਵਾਉਣ ਲਈ ਕਨੂੰਨ ਬਣਨਾ ਚਾਹੀਦਾ ਹੈ। ਉਸ ਪੈਸੇ ਦੀ ਉਨ੍ਹਾਂ ਲੋਕਾਂ ਦੇ ਭਲੇ ਲਈ ਲੋੜ ਹੈ, ਜੋ ਨਰਕਾਂ ਵਰਗੀ ਜ਼ਿੰਦਗੀ ਬਿਤਾ ਰਹੇ ਹਨ। ਅਬਾਦੀ ਦਾ ਕੰਟਰੋਲ ਜ਼ਰੂਰੀ ਹੈ ਪਰ ਵੱਧਦਾ ਅਬਾਦੀ ਦਾ ਪੱਜ ਲਾ ਕੇ ਗਰੀਬ ਲੋਕਾਂ ਨੂੰ ਚੰਗੀ ਜ਼ਿੰਦਗੀ ਤੋਂ ਵਾਂਝਿਆਂ ਰੱਖਣਾ ਉਨ੍ਹਾਂ ਨਾਲ ਵੱਡਾ ਧੋਖਾ ਹੈ। ਦੋ ਵੇਲੇ ਦੀ ਰੋਟੀ, ਨੰਗੇਜ਼ ਢਕਣ ਲਈ ਕੱਪੜਾ ਅਤੇ ਸਿਰ ਦੀ ਛੱਤ ਹਰ ਇਕ ਦੇਸ਼ ਵਾਸੀ ਦਾ ਬੁਨਿਆਦੀ ਹੱਕ ਹੈ। ਜਿਹੜੀ ਸਰਕਾਰ ਇਹ ਮੁਹੱਈਆ ਨਹੀਂ ਕਰ ਸਕਦੀ ਉਹਨੂੰ ਸਰਕਾਰ ਕਹਿਲਾਉਣ ਦਾ ਕੋਈ ਹੱਕ ਨਹੀਂ।